**ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ**

**ਈ.ਮੇਲ:** deoseamritsar@gmail.com **ਫੋਨ ਅਤੇ ਫੈਕਸ ਨੰਬਰ:** 0183-2225896

Website: **deoseasr.org** ਰਾਹੀਂ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਪ੍ਰਾਈਵੇਟ/ਏਡਿਡ/ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ:ਜੀ-6/2017- 17
ਮਿਤੀ :- 03-01-2017

ਵਿਸ਼ਾ ਈ-ਪੰਜਾਬ ਪੋਰਟਲ ਤੇ ਅਧਾਰ ਕਾਰਡ ਨੰਬਰ update ਕਰਨ ਸਬੰਧੀ।

ਹਵਾਲਾ ਇਸ ਦਫਤਰ ਦੇ ਪੱਤਰ ਨੰ:ਜੀ-6/2016-4548 ਮਿਤੀ 05-10-2016, ਪੱਤਰ ਨੰ:ਜੀ-6/2016-4573-74 ਮਿਤੀ 14-10-2016, ਪੱਤਰ ਨੰ:ਜੀ-6/2016-4583 ਮਿਤੀ 18-10-2016 ਅਤੇ ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨਾਲ ਹੋਈ ਮੀਟਿੰਗ ਮਿਤੀ 03-11-2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਅੰਮ੍ਰਿਤਸਰ ਦੇ ਪ੍ਰਾਈਵੇਟ/ਏਡਿਡ/ਸਰਕਾਰੀ ਸਕੂਲਾਂ ਵੱਲੋਂ ਸਾਲ 2016-17 ਦੌਰਾਨ ਈ-ਪੰਜਾਬ ਪੋਰਟਲ ਤੇ ਸਕੂਲਾਂ ਦੇ ਵਿਦਿਆਰਥੀ ਅਪਡੇਟ ਕਰਦੇ ਸਮੇਂ ਉਹਨਾਂ ਦੇ ਅਧਾਰ ਕਾਰਡ ਨਹੀਂ ਪਾਏ ਗਏ।

ਇਸ ਸਬੰਧੀ ਆਪ ਨੂੰ ਪਹਿਲਾਂ ਵੀ ਵੱਖਰੇ-ਵੱਖਰੇ ਪੱਤਰਾਂ ਰਾਹੀਂ ਹਦਾਇਤ ਕੀਤੀ ਗਈ ਸੀ। ਹੁਣ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 08-01-2016 ਤੱਕ ਈ-ਪੰਜਾਬ ਤੇ ਆਪਣੇ ਸਕੂਲ ਦੇ ਹਰ ਵਿਦਿਆਰਥੀ ਦਾ ਆਧਾਰ ਕਾਰਡ ਅਪਡੇਟ ਕਰਕੇ ਇਸ ਦੀ ਸੂਚਨਾ ਇਸ ਦਫਤਰ ਨੂੰ ਲਿਖਤੀ ਭੇਜੀ ਜਾਵੇ। ਇਸ ਸਬੰਧੀ ਕਿਸੇ ਵੀ ਅਣਗਹਿਲੀ ਦੀ ਜਿੰਮੇਵਾਰੀ ਸਕੂਲ ਪ੍ਰਿੰਸੀਪਲ/ਪ੍ਰਬੰਧਕ ਕਮੇਟੀ ਦੀ ਹੋਵੇਗੀ ਅਤੇ ਸਕੂਲ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ ਵਿਭਾਗ ਨੂੰ ਲਿਖਿਆ ਜਾਵੇਗਾ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਉਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), 03/1/17
ਅੰਮ੍ਰਿਤਸਰ। 03/1/17

ਪਿੱਠ ਅੰਕਣ ਨੰ ਉਕਤ

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।

Scanned by CamScanner